# ਮਾਡਲ ਪ੍ਰਸ਼ਨ ਪੱਤਰ - ਕੰਪਿਊਟਰ ਸਾਇੰਸ

## ਸ਼੍ਰੇਣੀ 10ਵੀਂ

**ਸੈਸ਼ਨ: 2023-24**

**ਸਮਾਂ: 2 ਘੰਟੇ** **ਕੁੱਲ ਅੰਕ: 50 ਅੰਕ**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਗਿਆ ਹੈ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 3 ਤੱਕ ਹਨ:
   i. ਪ੍ਰਸ਼ਨ 1 ਵਿਚ 6 ਪ੍ਰਸ਼ਨ (ਉਪ-ਭਾਗ) ਬਹੁਵਿਕਲਪੀ ਉੱਤਰਾਂ ਵਾਲੇ 1-1 ਅੰਕ ਦੇ ਹਨ।
   ii. ਪ੍ਰਸ਼ਨ 2 ਵਿਚ 6 ਪ੍ਰਸ਼ਨ (ਉਪ-ਭਾਗ) ਖਾਲੀ ਥਾਵਾਂ ਭਰੋ ਵਾਲੇ 1-1 ਅੰਕ ਦੇ ਹਨ।
   iii. ਪ੍ਰਸ਼ਨ 3 ਵਿਚ 8 ਪ੍ਰਸ਼ਨ (ਉਪ-ਭਾਗ) ਪੂਰੇ ਰੂਪ/ ਸਹੀ-ਗਲਤ / ਸ਼ਾਰਟਕੱਟ ਕੀਅਜ਼ ਵਾਲੇ 1-1 ਅੰਕ ਦੇ ਹਨ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 4 ਤੋਂ 9 ਤੱਕ 3-3 ਅੰਕਾਂ ਦੇ 6 ਪ੍ਰਸ਼ਨ ਹਨ, ਜਿਸ ਵਿਚ ਦੋ ਪ੍ਰਸ਼ਨਾਂ ਵਿਚ ਅੰਦਰੂਨੀ ਛੋਟ ਦਿੱਤੀ ਗਈ ਹੈ।
4. ਭਾਗ-ੲ ਵਿਚ ਪ੍ਰਸ਼ਨ ਨੰਬਰ 10 ਤੋਂ 11 ਤੱਕ 6-6 ਅੰਕਾਂ ਦੇ 2 ਪ੍ਰਸ਼ਨ ਹਨ, ਜਿਹਨਾਂ ਵਿਚ ਅੰਦਰੂਨੀ ਛੋਟ ਦਿੱਤੀ ਗਈ ਹੈ।

## ਭਾਗ-ੳ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ**

**ਪ੍ਰਸ਼ਨ:I** ਹੇਠ ਲਿਖਿਆਂ ਵਿਚੋਂ ਕਿਹੜੀ ਵਰਡ-ਪ੍ਰੋਸੈਸਰ ਦੀ ਉਦਾਹਰਣ ਹੈ? 1

ੳ. Google Docs
ਅ. Google Sheets
ੲ. Google Drive
ਸ. MS Excel

**ਪ੍ਰਸ਼ਨ:II** _________ HTML ਡਾਕੂਮੈਂਟ ਵਿਚ ਟੇਬਲ ਰੋਅ ਬਨਾਉਣ ਲਈ ਕਿਹੜੇ ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। 1

ੳ. <Row>
ਅ. <Table Row>
ੲ. <TR>
ਸ. <R>

**ਪ੍ਰਸ਼ਨ:III** ਇੱਕ ___________ ਲਿੰਕ ਮੂਲ ਰੂਪ ਵਿਚ ਅੰਡਰਲਾਈਨ ਅਤੇ ਜਾਮਨੀ (purple) ਰੰਗ ਵਿੱਚ ਦਿਖਾਇਆ ਜਾਂਦਾ ਹੈ। 1

ੳ. ਅਨਵਿਜ਼ਿਟਡ ਲਿੰਕ
ਅ. ਵਿਜ਼ਿਟਡ ਲਿੰਕ
ੲ. ਐਕਟਿਵ ਲਿੰਕ
ਸ. ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ:IV** ________ ਦੇ ਯੂਜ਼ਰਜ਼ ਦਾ ਕੰਪਿਊਟਰ ਸਿਸਟਮ ਨਾਲ ਸਿੱਧਾ ਸੰਪਰਕ ਨਹੀਂ ਹੁੰਦਾ। 1

ੳ. ਬੈਚ ਪ੍ਰੋਸੈਸਿੰਗ ਸਿਸਟਮ
ਅ. ਟਾਈਮ ਸ਼ੇਅਰਿੰਗ ਸਿਸਟਮ
ੲ. ਨੈਟਵਰਕ ਓਪਰੇਟਿੰਗ ਸਿਸਟਮ
ਸ. ਡਿਸਟ੍ਰੀਬਿਊਟਿਡ ਸਿਸਟਮ

Downloaded from cclchapter.com

| | | |
|---|---|---|
| ਪ੍ਰਸ਼ਨ:V | ________ ਗ੍ਰਾਫਿਕਸ ਅਤੇ ਟੈਕਸਟ ਦਾਖਲ ਕਰਨ ਲਈ ਆਇਤਾਕਾਰ ਖੇਤਰ (Rectangular Areas) ਹੁੰਦੇ ਹਨ।<br>ੳ. ਆਇਤ<br>ਅ. ਫਰੇਮ<br>ੲ. ਸਟਰਕਚਰ<br>ਸ. ਫੌਂਟ | 1 |
| ਪ੍ਰਸ਼ਨ:VI | _________ ਇੱਕ ਪ੍ਰਿੰਟਿਡ ਹੈਡਿੰਗ ਨਾਲ ਸਟੇਸ਼ਨਰੀ ਹੁੰਦੀ ਹੈ। ਹੈਡਿੰਗ ਵਿੱਚ ਆਮ ਤੌਰ ਤੇ ਇੱਕ ਨਾਮ, ਇੱਕ ਐਡਰੈਸ ਅਤੇ ਇੱਕ ਲੋਗੋ ਸ਼ਾਮਲ ਹੁੰਦਾ ਹੈ।<br>ੳ. ਲੈਟਰਹੈੱਡ<br>ਅ. ਪ੍ਰੋਗਰਾਮ<br>ੲ. ਇਨਵੀਟੇਸ਼ਨ ਕਾਰਡ<br>ਸ. ਕੈਟਾਲਾਗ | 1 |

## ਪ੍ਰਸ਼ਨ:2 ਖਾਲੀ ਥਾਵਾਂ ਭਰੋ।

| | | |
|---|---|---|
| ਪ੍ਰਸ਼ਨ:I | ਐਪਲੀਕੇਸ਼ਨ ਸਾਫਟਵੇਅਰਜ਼ ਨੂੰ _______________ ਵੀ ਕਿਹਾ ਜਾਂਦਾ ਹੈ। | 1 |
| ਪ੍ਰਸ਼ਨ:II | __________ ਟੈਗ ਦੀ ਵਰਤੋਂ ਸਿੰਗਲ ਲਾਈਨ ਬ੍ਰੇਕ ਦਾਖਲ ਕਰਨ ਲਈ ਕੀਤੀ ਜਾਂਦੀ ਹੈ। | 1 |
| ਪ੍ਰਸ਼ਨ:III | ਨੇਮਡ ਐਂਕਰਜ਼ ਨੂੰ _______________ ਵੀ ਕਿਹਾ ਜਾਂਦਾ ਹੈ। | 1 |
| ਪ੍ਰਸ਼ਨ:IV | ਟਾਈਮ ਸ਼ੇਅਰਿੰਗ ਓਪਰੇਟਿੰਗ ਸਿਸਟਮ ਵਿਚ ਹਰੇਕ ਯੂਜ਼ਰ ਨੂੰ ਦਿੱਤਾ ਗਿਆ ਦਾ ਥੋੜ੍ਹਾ ਜਿਹਾ ਸਮਾਂ _______ ਅਖਵਾਉਂਦਾ ਹੈ। | 1 |
| ਪ੍ਰਸ਼ਨ:V | ___________ ਇੱਕ ਪੇਜ਼ ਦੀ ਮੁੱਖ ਸਮੱਗਰੀ (content) ਅਤੇ ਇਸਦੇ ਕਿਨਾਰਿਆਂ (edges) ਦੇ ਵਿਚਕਾਰ ਦੀ ਖਾਲੀ ਜਗ੍ਹਾ ਹੁੰਦੀ ਹੈ। | 1 |
| ਪ੍ਰਸ਼ਨ:VI | __________ ਨੌਂਕਰੀ ਦੀਆਂ ਅਰਜ਼ੀਆਂ ਵਿੱਚ ਬਿਨੈਕਾਰਾਂ (applicants) ਵੱਲੋਂ ਦਿੱਤਾ ਜਾਣ ਵਾਲਾ ਇੱਕ ਆਮ ਡਾਕੂਮੈਂਟ ਹੁੰਦਾ ਹੈ। | 1 |

## ਪ੍ਰਸ਼ਨ:3 ਹੇਠ ਲਿਖੇ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਲਿਖੋ।

| | | |
|---|---|---|
| ਪ੍ਰਸ਼ਨ:I | <S> ਟੈਗ ਦਾ ਪੂਰਾ ਨਾਂ ਕੀ ਹੈ? | 1 |
| ਪ੍ਰਸ਼ਨ:II | <HR> ਦਾ ਪੂਰਾ ਨਾਂ ਕੀ ਹੈ? | 1 |
| ਪ੍ਰਸ਼ਨ:III | <UL> ਦਾ ਪੂਰਾ ਨਾਂ ਕੀ ਹੈ? | 1 |
| ਪ੍ਰਸ਼ਨ:IV | <TH> ਟੈਗ ਦਾ ਪੂਰਾ ਨਾਂ ਕੀ ਹੈ/ | 1 |
| ਪ੍ਰਸ਼ਨ:V | URL ਦਾ ਪੂਰਾ ਨਾਂ ਕੀ ਹੈ? | 1 |
| ਪ੍ਰਸ਼ਨ:VI | WYSIWYG ਦਾ ਪੂਰਾ ਨਾਂ ਲਿਖੋ। | 1 |
| ਪ੍ਰਸ਼ਨ:VII | ਫਾਇਰਵਾਲ ਸਾਡੇ PC ਉਪਰ ਅਣਅਧਿਕਾਰਤ ਅਸੈਸ ਨੂੰ ਰੋਕ ਨਹੀਂ ਸਕਦੀ। (ਸਹੀ/ਗਲਤ) | 1 |
| ਪ੍ਰਸ਼ਨ:VIII | ਟੈਂਪਲੇਟ ਇੱਕ ਅਜਿਹਾ ਟੂਲ ਹੈ ਜੋ ਪਬਲੀਸ਼ਰ ਵਿੱਚ ਵਰਤਿਆ ਜਾਂਦਾ ਹੈ ਤਾਂ ਜੋ ਅਸਾਨੀ ਨਾਲ ਬੁਨਿਆਦੀ | 1 |

Downloaded from cclchapter.com

ਪਬਲੀਕੇਸ਼ਨਾਂ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ। (ਸਹੀ/ਗਲਤ)

## ਭਾਗ-ਅ

ਪ੍ਰਸ਼ਨ:4 ਐਪਲੀਕੇਸ਼ਨ ਸਾਫਟਵੇਅਰ ਕੀ ਹਨ? 3

ਪ੍ਰਸ਼ਨ:5 HTML ਵਿਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਕੋਈ 5 ਟੈਗਜ਼ ਦੇ ਨਾਂ ਲਿਖੋ। 3

ਪ੍ਰਸ਼ਨ:6 ਆਰਡਰਡ ਲਿਸਟ ਕੀ ਹੁੰਦੀ ਹੈ? ਆਰਡਰਡ ਲਿਸਟ ਬਨਾਉਣ ਲਈ ਵਰਤੇ ਜਾਂਦੇ ਟੈਗਜ਼ ਅਤੇ ਐਟਰੀਬਿਊਟਸ ਦੇ ਨਾਂ ਲਿਖੋ। 3

ਜਾਂ

ਤੁਸੀਂ HTML ਟੇਬਲਜ਼ ਵਿਚ ਸੈੱਲਾਂ ਨੂੰ ਕਿਸ ਤਰ੍ਹਾਂ ਮਰਜ ਕਰੋਗੇ?

ਪ੍ਰਸ਼ਨ:7 ਹਾਈਪਰਲਿੰਕ (Hyperlink) ਕੀ ਹੁੰਦਾ ਹੈ? 3

ਜਾਂ

ਫਾਰਮਜ਼ (Forms) ਕੀ ਹੁੰਦੇ ਹਨ?

ਪ੍ਰਸ਼ਨ:8 ਮਾਰਜਿਨ (Margins) ਕੀ ਹੁੰਦੇ ਹਨ? 3

ਪ੍ਰਸ਼ਨ:9 ਵਿਗਿਆਪਨ ਲਈ ਕਿਹੜੇ ਪਬਲੀਕੇਸ਼ਨ ਵਰਤੇ ਜਾ ਸਕਦੇ ਹਨ? 3

## ਭਾਗ-ੲ

ਪ੍ਰਸ਼ਨ:10 ਸਾਫਟਵੇਅਰ ਕੀ ਹੁੰਦੇ ਹਨ? ਵੱਖ-ਵੱਖ ਕਿਸਮਾਂ ਦੇ ਸਾਫਟਵੇਅਰਜ਼ ਦਾ ਵਰਨਣ ਕਰੋ। 6

ਜਾਂ

ਆਫਲਾਈਨ ਅਤੇ ਆਨਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।

ਪ੍ਰਸ਼ਨ:11 ਓਪਰੇਟਿੰਗ ਸਿਸਟਮ ਦੇ ਵੱਖ-ਵੱਖ ਫੰਕਸ਼ਨਾਂ ਦਾ ਵਰਨਣ ਕਰੋ। 6

ਜਾਂ

ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ ਕੀ ਹੈ? ਬਿਆਨ ਕਰੋ।

Downloaded from cclchapter.com